ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030303
Available online at: www.armaan.org.in
DOI: https://doi.org/10.64119/armaan.vol.3.issue3.03

# ਕਮਲਜੀਤ ਚੌਧਰੀ ਦੀ ਕਵਿਤਾ ਵਿੱਚ ਮਾਨਵੀ ਸੰਵੇਦਨਾ

# KAMALJEET CHAUDHARY DI KAVITA VICH MANVI SAMVEDNA

**ਡਾ. ਅਨੁਰਾਧਾ** (Dr. Anuradha)
**ਅਸਿਸਟੈਂਟ ਪ੍ਰੋਫੈਸਰ** (Assistant Professor)
**ਗੌਰਮਿੰਟ ਕਾਲਜ ਫੋਰ ਵੂਮੈਨ, ਗਾਂਧੀ ਨਗਰ, ਜੰਮੂ** (J&K)

**ਬਲਵਾਨ ਸਿੰਘ** (Balwan Singh)
**ਅਸਿਸਟੈਂਟ ਪ੍ਰੋਫੈਸਰ** (Assistant Professor)
**ਗੌਰਮਿੰਟ ਕਾਲਜ ਆਫ਼ ਐਜੂਕੇਸ਼ਨ, ਕਨਾਲ ਰੋਡ, ਜੰਮੂ** (J&K)

Email ID: anuradha9596770363@gmail.com **ਮੋਬਾਈਲ:** +91-70064-30948

**ਸਾਰ (Abstract)**

*ਰਿਆਸਤ ਜੰਮੂ-ਕਸ਼ਮੀਰ ਵਿਚ ਹਿੰਦੀ ਕਾਵਿ-ਰਚਨਾ ਵਿਚ ਕਮਲਜੀਤ ਚੌਧਰੀ ਦਾ ਆਪਣਾ ਇਕ ਵੱਖਰਾ ਸਥਾਨ ਹੈ। ਰਵਾਇਤੀ ਹਿੰਦੀ ਕਵਿਤਾ ਤੋਂ ਹੱਟ ਕੇ ਕਵਿਤਾ ਲਿਖਣਾ ਹੀ ਉਸਦੀ ਪਛਾਣ ਹੈ। ਉਸਨੇ ਆਪਣੀ ਕਵਿਤਾ ਵਿਚ ਅਨੇਕ ਤਜਰਬੇ ਕੀਤੇ ਹਨ। ਉਸਦੀ ਕਵਿਤਾ ਸਮਾਜਿਕ ਅਤੇ ਆਰਥਿਕ, ਕਾਣੀਵੰਡ, ਦਲਿਤ ਚੇਤਨਾ, ਕੁਦਰਤ ਤੇ ਕਾਦਰ, ਵਿਸਥਾਪਨ ਦਾ ਦੁੱਖ, ਹਾਸ਼ਿਆਗਤ ਲੋਕ, ਹਿੰਸਾ ਅਤੇ ਔਰਤ ਨਾਲ ਜੁੜੀਆਂ ਸਮੱਸਿਆਵਾਂ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ। ਇਕ ਪਾਸੇ ਜਿੱਥੇ ਉਹ ਗਰੀਬ ਮਜਦੂਰ, ਕਿਸਾਨ ਅਤੇ ਔਰਤ ਦਾ ਪੱਖ ਪੂਰਦਾ ਹੈ। ਉੱਥੇ ਦੂਜੇ ਪਾਸੇ ਰਾਜਸੀ ਸੰਸਥਾਵਾਂ ਤੇ ਮੌਜੂਦਾ ਸਿੱਖਿਆ ਪ੍ਰਣਾਲੀ ਨੂੰ ਲਲਕਾਰਦਾ ਵੀ ਹੈ। ਵਿਅੰਗਮਈ ਭਾਸ਼ਾ ਦਾ ਪ੍ਰਯੋਗ ਕਰਦੇ ਹੋਏ ਉਹ ਲਿਖਦਾ ਹੈ ਕਿ ਮਸ਼ੀਨੀਯੁੱਗ ਨੇ ਸਾਡੀ ਦੇਸੀ ਸਭਿਅਤਾ ਦੇ ਉੱਪਰ ਕਰਾਰੀ ਚੋਟ ਮਾਰੀ ਹੈ। ਪੱਛਮ ਦੀ ਚਕਾਚੌਂਧ ਵਿਚ ਗੁਆਚਿਆ ਅੱਜ ਦਾ ਮਨੁੱਖ ਆਪਣੇ ਦੇਸ਼, ਹੋਂਦ ਅਤੇ ਬੋਲੀ ਤੋਂ ਟੁੱਟ ਚੁੱਕਿਆ ਹੈ। ਉਹ ਵਾਰ ਵਾਰ ਲੋਕਾਂ ਨੂੰ ਆਪਣੇ ਸਭਿਆਚਾਰਕ ਵਿਰਸੇ ਨਾਲ ਜੁੜਨ ਦੀ ਤਾਕੀਦ ਕਰਦਾ ਹੈ। ਕਵਿਤਾ ਵਿਚ ਵਰਤੀ ਗਈ ਭਾਸ਼ਾ ਸਿੱਧੀ ਪੱਧਰੀ ਤਿੱਖੀ ਹੈ। ਪ੍ਰਤੀਕ ਅਤੇ ਬਿੰਬ ਦਾ ਪ੍ਰਯੋਗ ਸਰਲ ਅਤੇ ਪ੍ਰਭਾਵਸਾਲੀ ਹੈ। ਕਵਿਤਾ ਪ੍ਰਤੀ ਪ੍ਰਤੀਬੱਧਤਾ ਹੀ ਕਵੀ ਨੂੰ ਵੱਖਰੀ ਪਛਾਣ ਦਿੰਦੀ ਹੈ। ਕਮਲਜੀਤ ਨੇ ਦੋ ਕਾਵਿ ਸੰਗ੍ਰਹਿ ਹਿੰਦੀ ਭਾਸ਼ਾ ਦੀ ਝੋਲੀ ਵਿੱਚ ਪਾਏ ਹਨ। ਕਮਲਜੀਤ ਦੀਆਂ ਕਵਿਤਾਵਾਂ ਦਾ ਹੋਰ ਕਈਂ ਭਾਸ਼ਾਵਾਂ ਵਿਚ ਅਨੁਵਾਦ ਤੇ ਪ੍ਰਕਾਸ਼ਨ ਹੋਇਆ ਹੈ।*

***ਕੀਵਰਡ (Keyword): ਵਿਸਥਾਪਨ, ਹਾਸ਼ਿਆਗਤ, ਸੰਵੇਦਨਾ, ਚੇਤਨਾ, ਕਾਣੀਵੰਡ।***

ਕਮਲਜੀਤ ਚੌਧਰੀ ਦਾ ਨਾਂ ਭਾਰਤੀ ਕਾਵਿ ਜਗਤ ਵਿਚ ਕਿਸੇ ਜਾਣ ਪਛਾਣ ਦਾ ਮੋਹਤਾਜ ਨਹੀ ਹੈ। ਹੁਣ ਤੱਕ ਉਸਨੇ ਦੋ ਕਾਵਿ ਸੰਗ੍ਰਹਿ ਹਿੰਦੀ ਭਾਸ਼ਾ ਦੀ ਝੋਲੀ ਵਿਚ ਪਾਏ ਹਨ। ਉਸਦਾ ਕਾਵਿ ਸੰਗ੍ਰੀਹ 'ਹਿੰਦੀ ਦਾ ਨਮਕ' (2016) ਅਤੇ 'ਦੁਨੀਆ ਦਾ ਅੰਤਿਮ ਘੋਸ਼ਣਾ ਪੱਤਰ' (2022) ਵਿਚ ਪ੍ਰਕਾਸ਼ਿਤ ਹੋਇਆ। ਕਵੀ ਨੂੰ 'ਅਨੁਨਾਦ ਸਨਮਾਨ' (2016) ਅਤੇ 'ਸ਼ਬਦ ਸਾਧਕ ਸਨਮਾਨ' (2019) ਵਿਚ ਮਿਲਿਆ। ਗਿਣਾਤਮਕ ਪੱਖੋਂ ਕਵੀ ਦਾ ਕੰਮ ਭਾਵੇਂ ਘੱਟ ਹੈ ਪਰੰਤੂ ਗੁਣਾਤਮਕ ਪੱਖੋਂ ਉਹ ਸਿਰਕੱਢ ਕਵੀਆਂ ਦੀ ਸ਼੍ਰੇਣੀ ਵਿਚ ਆ ਖਲੋਂਦਾ ਹੈ। ਕਮਲਜੀਤ ਅੱਜ ਦੇ ਦੌਰ ਦਾ ਅਜਿਹਾ ਨੌਜਵਾਨ ਕਵੀ ਹੈ ਜਿਸ ਨੇ ਰਿਆਸਤ ਜੰਮੂ ਕਸ਼ਮੀਰ ਵਿਚ ਲਿਖੀ ਜਾ ਰਹੀ ਹਿੰਦੀ ਦੀ ਰਵਾਇਤੀ ਕਵਿਤਾ ਦੀ ਲੀਕ ਭੰਗ ਕਰਕੇ ਨਵੇਂ ਵਿਸ਼ਿਆਂ ਨੂੰ ਲੈ ਕੇ ਕਵਿਤਾ ਰਚਨਾ ਕੀਤੀ ਹੈ। ਕਮਲਜੀਤ ਦੇ ਕਾਵਿ ਜਗਤ ਦਾ ਘੇਰਾ ਬਹੁਤ ਵਿਸ਼ਾਲ ਹੈ। ਉਸਨੇ ਜਿੰਦਗੀ ਨਾਲ ਜੁੜੇ ਬਹੁਮੁਖੀ ਪਸਾਰਾਂ ਨੂੰ ਆਪਣੀ ਕਵਿਤਾ ਵਿਚ ਸਮੇਟਣ ਦਾ ਸਫਲ ਉਪਰਾਲਾ ਕੀਤਾ ਹੈ। ਅੱਜ ਦੇ ਦੌਰ ਦਾ ਅਜਿਹਾ ਹੱਥਲੇ ਖੋਜ ਨਿਬੰਧ ਵਿਚ ਅਸੀ ਕਵੀ ਦੀਆਂ ਮੂਲ ਕਵਿਤਾਵਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਹੈ।

ਆਰਥਿਕ ਨਾ-ਬਰਾਬਰੀ, ਵਿਸਥਾਪਨ ਦਾ ਦੁੱਖ, ਰਾਜਸੀ ਘੁਟਣ, ਦਲਿਤ ਚੇਤਨਾ, ਪ੍ਰਕਿਰਤੀ, ਹਿੰਸਾ ਅਤੇ ਔਰਤ ਦੀ ਹੋਂਦ ਤੇ ਹਸਤੀ ਨਾਲ ਜੁੜੀਆਂ ਸਮੱਸਿਆਵਾਂ ਨੂੰ ਕਵੀ ਨੇ ਆਪਣੀ ਕਵਿਤਾ ਦਾ ਸਰੋਕਾਰ ਬਣਾਇਆ ਹੈ। ਅੱਜ ਦੇ ਮਸ਼ੀਨੀ ਦੌਰ ਵਿਚ ਉਪਜੀ ਇੱਕਲਤਾ ਅਤੇ ਸੱਭਿਆਚਾਰਕ ਸਾਂਝ ਦੇ ਗੁਆਚਣ ਦਾ ਉਸਨੂੰ ਬੇਹੱਦ ਅਫਸੋਸ ਹੈ। ਕਮਲਜੀਤ ਸ਼ਬਦਾਂ ਨਾਲ ਖੇਡਦਾ ਹੈ। ਉਹ ਆਪਣੇ ਹੁਨਰ ਨਾਲ ਸ਼ਬਦਾਂ ਨੂੰ ਨਵੇਂ ਪ੍ਰਸੰਗਾਂ ਵਿਚ ਢਾਲ ਕੇ ਗਹਿਰੇ ਅਰਥ ਸਿਰਜ ਦਿੰਦਾ ਹੈ।

ਕਵੀ ਆਪਣੀ ਕਵਿਤਾ 'ਜੋ ਆਵਾਜ਼ ਰਿਕਾਰਡ ਨਹੀ ਹੋਈ' ਵਿਚ ਸਮਾਜਿਕ ਨਾ-ਬਰਾਬਰੀ ਦੀ ਗੱਲ ਕਰਦਿਆਂ ਲਿਖਦਾ ਹੈ ਕਿ ਅਕਸਰ


Received: 24 July 2025 Accepted: 28 August 2025 Published: 05 September 2025

ਸੱਤਾਧਾਰੀਆਂ ਵੱਲੋਂ ਆਮ ਲੋਕਾਂ ਦੇ ਅਨੁਭਵ, ਭਾਵਨਾਵਾਂ ਤੇ ਆਵਾਜ਼ ਨੂੰ ਦਬਾ ਦਿੱਤਾ ਜਾਂਦਾ ਹੈ। ਆਮ ਲੋਕਾਂ ਦੀ ਗੱਲ ਨੂੰ ਇਤਿਹਾਸ ਜਾਂ ਕਿਸੇ ਦਸਤਾਵੇਜ ਵਿਚ ਕੋਈ ਥਾਂ ਨਹੀ ਮਿਲਦੀ। ਲੰਮੇ ਤੱਕ ਅਣਸੁਣੀਆਂ ਇਹ ਆਵਾਜ਼ਾਂ ਮੌਕਾ ਮਿਲਣ ਤੇ ਹਿੰਸਕ ਹੋ ਉਠਦੀਆਂ ਹਨ। ਕਵੀ ਲਿਖਦਾ ਹੈ –

*"ਜਿਹੜੀ ਆਵਾਜ਼ ਰਿਕਾਰਡ ਨਹੀ ਹੋਈ*
*ਐਸ ਵਾਂਗੂ ਝੜੇਗੀ*
*ਬੰਦੂਕ ਦੀ ਤਰ੍ਹਾਂ ਚਲੇਗੀ*
*ਸੀਨਾ ਛਲਣੀ ਕਰੇਗੀ"* [1]

ਕਵੀ ਸਮਾਜ ਵਿਚ ਹਾਸ਼ੀਏ ਤੇ ਖੜ੍ਹੇ ਲੋਕਾਂ ਦਾ ਪੱਖ ਪੂਰਦਾ ਹੈ। ਉਹ ਸਮਾਜਿਕ ਅਤੇ ਆਰਥਿਕ ਕਾਣੀ ਵੰਡ ਦੇ ਖਿਲਾਫ਼ ਬੋਲਦਾ ਹੈ। ਕਵੀ ਕੋਲ ਵੇਲੇ ਦੀ ਨਜ਼ਾਕਤ ਨੂੰ ਪਰਖਣ ਵਾਲੀ ਡੂੰਘੀ ਅੰਤਰ ਦ੍ਰਿਸ਼ਟੀ ਹੈ। ਵਿਅੰਗ ਦੇ ਤਿੱਖੇ ਬਾਣ ਹਨ। ਵਿਅੰਗ ਮਾਨਵਤਾ ਦੇ ਦਰਦ ਵਿਚੋਂ ਉਪਜਦਾ ਹੈ ਜੋ ਵਿਰੋਧੀ ਸਥਿਤੀਆਂ ਨੂੰ ਪੇਸ਼ ਕਰਦਾ ਹੈ। 'ਹਿੰਦੀ ਦੇ ਹਰਫਨਮੌਲਾ' ਕਵਿਤਾ ਵਿਚ ਕਵੀ ਸਮਾਜ ਦੇ ਉਹਨਾਂ ਪੈਰੋਕਾਰਾਂ ਦੀ ਨਿੰਦਾ ਕਰਦਾ ਹੈ, ਜਿਹਨਾਂ ਦਾ ਕੰਮ ਲੋਕਾਈ ਦੀ ਅਗਵਾਈ ਕਰਨਾ ਸੀ। ਪਰੰਤੂ ਇਹ ਲੋਕ ਕੁਝ ਨਿੱਜੀ ਸਵਾਰਥਾਂ ਕਰਕੇ ਆਪਣੇ ਉਦੇਸ਼ਾਂ ਤੋਂ ਦੂਰ ਹੋ ਗਏ। ਭੋਗਵਾਦੀ ਰੁਚੀਆਂ ਵਾਲੇ ਕਵੀਆਂ ਦੀ ਟੋਲੀ ਉੱਪਰ ਵਿਅੰਗ ਕਰਦਾ ਉਹ ਲਿਖਦਾ ਹੈ-

*"ਪਾਠਕੋ ,*
*ਜੰਮੂ-ਕਸ਼ਮੀਰ ਉਪਰ ਲਿਖੀਆਂ ਉਹਨਾਂ ਕਵਿਤਾਵਾਂ ਨੂੰ*
*ਖਾਰਿਜ ਕਰ ਦਿਓ*
*ਜੋ ਚੰਦਰ ਕੈਮਿਸਟ ਅਤੇ ਮਿਸ ਰਜਨੀ ਦੀ ਤਰਜ਼' ਤੇ*
*ਹਿੰਦੀ ਦੇ ਹਰਫਨਮੌਲਾ ਕਵੀ ਲਿਖ ਰਹੇ ਹਨ"* [2]

ਕ੍ਰਾਂਤੀਕਾਰੀ ਸੁਰ ਵਿਚ ਲਿਖੀ ਗਈ ਕਵਿਤਾ 'ਅੱਗ' ਵਿਚ ਅੱਗ ਕੋਈ ਭੌਤਿਕ ਵਰਤਾਰਾ ਨਹੀ ਸਗੋਂ ਪ੍ਰਤੀਕ ਹੈ। ਇਹ ਪ੍ਰਤੀਕ ਹੈ ਕਾਣੀ ਵੰਡ ਅਤੇ ਅੰਨਿਆਂ ਦਾ। ਕਵਿਤਾ ਵਿਚ ਇਹ ਅੱਗ ਅਸੰਤੋਸ਼, ਪੀੜ ਅਤੇ ਸੰਘਰਸ਼ ਦੀ ਅਭਿਵਿਅਕਤੀ ਕਰਦੀ ਹੋਈ ਬਦਲਾਵ ਲਿਆਉਣ ਵਾਲੀ ਸ਼ਕਤੀ ਬਣ ਜਾਂਦੀ ਹੈ -

*"ਇਸ ਪੱਥਰ ਯੁਗ ਵਿਚ ਅਸੀਂ*
*ਆਦਮੀ ਨਹੀ ਪੱਥਰ ਹੋ ਗਏ ਹਾਂ*
*ਸਾਡਾ ਟਕਰਾਉਣਾ ਟਕਰਾਓ ਨਹੀਂ*
*ਅੱਗ ਪੈਦਾ ਕਰੇਗਾ , ਅੱਗ"* [3]

ਕਵੀ ਦਾ ਪ੍ਰਕਿਰਤੀ ਪ੍ਰਤੀ ਪ੍ਰੇਮ 'ਪਹਾੜ ਦੇ ਪੈਰ' ਨਾਮਕ ਕਵਿਤਾ ਵਿਚ ਦੇਖਣ ਨੂੰ ਮਿਲਦਾ ਹੈ। ਕਵੀ ਕਵਿਤਾ ਰਾਂਹੀ ਪਹਾੜਾ ਦੇ ਹੇਠਾਂ ਰਹਿਣ ਵਾਲੇ ਲੋਕਾਂ ਦੇ ਜੀਵਨ ਦੇ ਸੰਘਰਸ਼ ਅਤੇ ਕਠਿਨਾਈਆਂ ਨੂੰ ਦਰਸ਼ਾਉਂਦਾ ਹੈ। ਕਵਿਤਾ ਵਿਚ ਕੁੜੀ ਪਹਾੜ ਨਾਲ ਸੰਵਾਦ ਰਚਾਉਂਦੀ ਹੈ। ਪਹਾੜ ਦੇ 'ਪੈਰ' ਇਕ ਪ੍ਰਤੀਕ ਦੇ ਰੂਪ ਵਿਚ ਪੇਸ਼ ਕੀਤੇ ਗਏ ਹਨ। ਜੋ ਸਥਿਰਤਾ ਦੀ ਗੱਲ ਕਰਦੇ ਹਨ। ਪਹਾੜ ਦੀਆਂ ਚੋਟੀਆਂ ਤਾਂ ਸਾਰਿਆਂ ਨੂੰ ਖਿੱਚਦੀਆਂ ਹਨ ਪਰ ਉਸਦੇ ਪੈਰਾਂ ਦੀ ਥਕਾਵਟ, ਦਬਾਓ ਅਤੇ ਖਾਮੋਸ਼ੀ ਨੂੰ ਕੋਈ ਨਹੀ ਮਹਿਸੂਸਦਾ। ਕਵੀ ਨੇ ਬੜੀ ਹੀ ਬਾਰੀਕਬੀਨੀ ਨਾਲ ਕੁਦਰਤੀ ਵਰਤਾਰਿਆਂ ਨੂੰ ਪੇਸ਼ ਕੀਤਾ ਹੈ।

*"ਲਿਫਟਾਂ ਵਾਲੇ ਸ਼ਹਿਰ ਤੋਂ ਆਈ ਇਕ ਕੁੜੀ ਨੇ*
*ਪਹਾੜ ਦੇ ਕੰਨਾਂ 'ਚ ਕਿਹਾ*
*ਮੈਂ ਤੇਰੇ ਜੀਵਨ 'ਚ ਕੋਈ ਵਿਸਫੋਟ ਕਰਨ ਨਹੀ'*
*ਤੈਨੂੰ ਮਹਿੰਦੀ ਲਗਾਉਣ ਆਈ ਹਾਂ*
*ਪਹਾੜ ਪਹਿਲੀ ਵਾਰ ਕਿਸੇ ਦੇ ਹੱਥ,*
*ਕੋਈ ਪਹਿਲੀ ਵਾਰ ਪਹਾੜ ਦੇ ਪੈਰ ਦੇਖ ਰਿਹਾ ਸੀ"* [4]

ਕਵੀ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਨੂੰ ਲੈ ਕੇ ਚਿੰਤਿਤ ਨਜ਼ਰ ਆਉਂਦਾ ਹੈ। 'ਅਸ਼ਵਮੇਧੀ ਘੋੜਾ' ਨਾਮਕ ਕਵਿਤਾ ਵਿਚ ਉਹ ਕੁਦਰਤ ਵੱਲੋਂ ਦਿੱਤੀਆਂ ਗਈਆਂ ਦਾਤਾਂ ਨੂੰ ਬੜੇ ਸੰਜਮ ਨਾਲ ਵਰਤਣ ਦੀ ਅਪੀਲ ਕਰਦਾ ਹੈ। ਜੇਕਰ ਕੁਦਰਤੀ ਸਾਧਨ ਸਮਾਪਤ ਹੋ ਗਏ ਤਾਂ ਧਰਤੀ ਉੱਤੇ ਜੀਵਨ ਸਮਾਪਤ ਹੋ ਜਾਵੇਗਾ। ਉਹ ਲਿਖਦਾ ਹੈ –

*"ਤੁਹਾਨੂੰ ਦਰਖ਼ਤ ਤੋਂ ਹਵਾ ਨਹੀ*
*ਲੱਕੜੀ ਚਾਹੀਦੀ ਹੈ*
*ਨਦੀ ਤੋਂ ਪਾਣੀ ਨਹੀ*
*ਰੇਤ ਚਾਹੀਦੀ ਹੈ*
*ਧਰਤੀ ਤੋਂ ਅਨਾਜ ਨਹੀ*
*ਮਹਿੰਗਾ ਪੱਥਰ ਚਾਹੀਦਾ ਹੈ"* [5]

ਕਮਲਜੀਤ ਆਪਣੀ ਕਵਿਤਾਵਾਂ ਵਿਚ ਇਕ ਅਜਿਹੇ ਆਦਰਸ਼ ਸਮਾਜ ਦੀ ਕਲਪਨਾ ਕਰਦਾ ਹੈ, ਜਿਸ ਦੀਆਂ ਨੀਹਾਂ ਸਮਾਨਤਾ ਦੇ ਧਰਾਤਲ ਉੱਪਰ ਟਿੱਕੀਆਂ ਹੋਣ। ਕਵੀ ਭ੍ਰਿਸ਼ਟਾਚਾਰ, ਪੂੰਜੀਵਾਦੀ ਅਰਥ ਵਿਵਸਥਾ, ਅਮੀਰ ਸ਼੍ਰੇਣੀ ਵੱਲੋਂ ਗਰੀਬਾਂ ਦੀ ਲੁੱਟ ਖਸੁੱਟ ਦਾ ਡਟ ਕੇ ਵਿਰੋਧ ਕਰਦਾ ਹੋਇਆ

ਲਿਖਦਾ ਹੈ -

*"ਦੇਸ਼ ਦੇ ਅੰਦਰ ਇਕ ਦੇਸ਼*
*ਨੰਗਾ, ਭੁੱਖਾ ਬਿਨਾਂ ਛੱਤ ਸੌਂ ਨਹੀ ਸਕਦਾ।*
*ਦੇਸ਼ ਦੇ ਅੰਦਰ ਇਕ ਦੇਸ਼*
*ਖਰਾਟੇ ਭਰਦਾ ਰਹਿੰਦਾ ਹੈ"* [6]

ਇਹ ਕਵਿਤਾ ਅਛੋਪਲੇ ਰੂਪ, ਵਿਚ ਸਮਾਜ ਦੀ ਕੋਝੀ ਵਿਡੰਬਨਾ ਅਤੇ ਕਾਣੀਵੰਡ ਨੂੰ ਦਰਸਾਉਂਦੀ ਹੈ। ਅਜ਼ਾਦੀ ਦਾ ਅਸਲੀ ਮਜ਼ਾ ਤਾਂ ਵਿਸ਼ੇਸ਼ ਵਰਗ ਹੀ ਮਾਣ ਰਿਹਾ ਹੈ. ਬਾਕੀ ਸਾਰਾ ਦੇਸ਼ ਤਾਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਕਵੀ ਸਰਕਾਰੀ ਸਿਸਟਮ ਦੇ ਖੋਖਲੇਪਨ ਉਪਰ ਚੋਟ ਮਾਰਦਾ ਹੋਇਆ ਸਮਾਜਿਕ, ਆਰਥਿਕ ਤੇ ਸਾਂਸਕ੍ਰਿਤਕ ਅਸਮਾਨਤਾ ਦੀ ਆਲੋਚਨਾ ਕਰਦਾ ਹੈ।

ਦੇਸ਼ ਵੰਡ ਤੇ ਵਿਸਥਾਪਨ ਨੇ ਲੋਕਾਂ ਨੂੰ ਜੋ ਜ਼ਖ਼ਮ ਦਿੱਤੇ ਉਹ ਅਜੇ ਵੀ ਸੱਜਰੇ ਹਨ। ਇਕ ਲੰਮਾ ਸਮਾਂ ਗੁਜਰ ਜਾਣ ਤੋਂ ਬਾਅਦ ਵੀ ਲੋਕ ਇਸ ਦੁੱਖ ਨੂੰ ਭੋਗ ਰਹੇ ਹਨ। 'ਬੱਚੇ ਵੱਡੇ ਹੋ ਰਹੇ ਨੇ' ਕਵਿਤਾ ਇਕ ਪਾਸੇ ਜਿੱਥੇ ਵਿਸਥਾਪਨ ਦਾ ਦੁੱਖ ਦਰਸਾਉਂਦੀ ਹੈ ਉੱਥੇ ਦੂਜੇ ਪਾਸੇ ਬਚਪਨ ਤੋਂ ਜਵਾਨੀ ਵੱਲ ਜਾ ਰਹੇ, ਬੱਚਿਆਂ ਦੀ ਮਾਨਸਿਕਤਾ ਨੂੰ ਵੀ ਪੇਸ਼ ਕਰਦੀ ਹੈ। ਅੱਜ ਬੱਚਿਆਂ ਦੀ ਸੋਚ ਤਾਰਕਿਕ ਅਤੇ ਪ੍ਰੋੜ ਹੋ ਗਈ ਹੈ। ਸਮਾਜਿਕ ਅਨਿਆਂ ਦੇ ਖਿਲਾਫ ਉਹ ਜਾਗਰੂਕ ਹਨ। ਕਵੀ ਕਹਿੰਦਾ ਹੈ ਕਿ ਹੁਣ ਨਵੀਂ ਪੀੜੀ ਚੁੱਪ ਨਹੀ ਰਹੇਗੀ। ਉਹ ਆਪਣੇ ਨਾਲ ਹੋ ਰਹੀਆਂ ਵਧੀਕੀਆਂ ਦਾ ਕਰਾਰਾ ਜਵਾਬ ਦੇਵੇਗੀ। ਬੱਚਿਆਂ ਦਾ ਵੱਡਾ ਹੋਣਾ ਸਮਾਜਿਕ ਬਦਲਾਵ ਦਾ ਸੰਕੇਤ ਹੈ -

*"ਕੁਝ ਬੱਚੇ ਫੋਟੋ ਸਾਫ ਕਰ ਰਹੇ ਹਨ*
*ਕੁਝ ਖੂਹ ਪੁੱਟ ਰਹੇ ਹਨ*
*ਯਕੀਨਨ ਨਿੱਚੇ ਪਾਣੀ ਅਜੇ ਵੀ ਹੈ*
*ਕੜੇ ਹੋ ਰਹੇ ਹਨ*
*ਤਣ ਕੇ ਖੜ੍ਹੇ ਹੋ ਰਹੇ ਹਨ*
*ਸਾਵਧਾਨ*
*ਬੱਚੇ ਵੱਡੇ ਹੋ ਰਹੇ ਹਨ"* [7]

'ਲਾਰਡ ਮੈਕਾਲੇ ਤੇਰਾ ਮੂੰਹ ਕਾਲਾ' ਕਵਿਤਾ ਰਾਹੀਂ ਕਵੀ ਭਾਰਤੀ ਸਿੱਖਿਆ ਪ੍ਰਣਾਲੀ ਉੱਪਰ ਤਿੱਖਾ ਵਿਅੰਗ ਕਰਦਾ ਹੈ। ਇਹ ਕਵਿਤਾ ਅੰਗ੍ਰੇਜਾਂ ਦੁਆਰਾ ਲਾਗੂ ਕੀਤੀ ਗਈ ਸਿੱਖਿਆ ਪ੍ਰਣਾਲੀ ਦੇ ਪ੍ਰਭਾਵਾਂ ਨੂੰ ਅੱਜ ਦੇ ਸੰਦਰਭ'ਚ ਸਾਹਮਣੇ ਲੈ ਕੇ ਆਉਂਦੀ ਹੈ। ਅੱਜ ਬੱਚਿਆਂ ਤੋਂ ਉਨ੍ਹਾਂ ਦੀ ਭਾਸ਼ਾ ਅਤੇ ਬਚਪਨ ਖੋਹ ਲਿਆ ਗਿਆ ਹੈ –

*"ਬੱਚੇ।*
*ਮੈਂ ਉਸ ਦੌਰ ਦਾ ਬੱਚਾ ਸੀ*
*ਜਿਸਨੂ ਪੰਜ ਸਾਲ ਦੀ ਉਮਰ ਵਿਚ*
*'ਕ' ਤੋਂ ਕਬੂਤਰ ਸਿਖਾਇਆ ਜਾਂਦਾ ਸੀ*
*ਬੱਚੇ।*
*ਤੁਸੀਂ ਉਸ ਦੌਰ ਦੇ ਬੱਚੇ ਹੋ*
*ਜਿਸਨੂੰ ਵੀਹ ਮਹੀਨੇ ਦੀ ਉਮਰ ਵਿਚ*
*'ਏ' ਫਾਰ ਏਲੀਗੇਟਰ ਸਿਖਾਇਆ ਜਾ ਰਿਹਾ ਹੈ।"* [8]

ਕਲਿਆਣਕਾਰੀ ਰੁਚੀ ਦਾ ਧਾਰਨੀ ਹੋਣ ਕਰਕੇ ਕਮਲਜੀਤ ਪਾਠਕਾਂ ਨੂੰ ਸਕਾਰਾਤਮਕ ਸੋਚ ਨਾਲ ਜੁੜਨ ਦੀ ਪ੍ਰੇਰਣਾ ਦਿੰਦਾ ਹੈ। 'ਜਿਸ ਨੇ ਬੰਦੂਕ ਬਣਾਈ' ਕਵਿਤਾ ਦੁਆਰਾ ਉਹ ਸ਼ਾਂਤੀ ਦਾ ਸੰਦੇਸ਼ ਦਿੰਦਾ ਹੋਇਆ ਯੁੱਧ ਅਤੇ ਹਿੰਸਾ ਦੀ ਆਲੋਚਨਾ ਕਰਦਾ ਹੈ। ਵਿਗਿਆਨ ਵੱਲੋਂ ਕੀਤੀਆਂ ਕਾਢਾਂ ਦਾ ਇਸਤੇਮਾਲ ਜਨ ਕਲਿਆਣ ਲਈ ਹੋਣਾ ਚਾਹੀਦਾ ਹੈ। ਨਿਰਮਾਣ ਅਤੇ ਵਿਨਾਸ਼ ਦੋਵੇ ਹੀ ਇਨਸਾਨ ਦੇ ਹੱਥ ਵਿਚ ਹਨ। ਬੰਦੂਕ ਬਣਾਉਣ ਵਾਲੇ ਵਿਅਕਤੀ ਦੀ ਮਾਨਸਿਕਤਾ ਉੱਪਰ ਸਵਾਲ ਕਰਦਾ ਹੋਇਆ ਕਵੀ ਲਿਖਦਾ ਹੈ –

*"ਜਿਸਨੇ ਤਾਲਾ ਬਣਾਇਆ*
*ਉਸਨੇ ਚਾਬੀ ਵੀ ਬਣਾਈ*
*ਜਿਸਨੇ ਦੀਵਾਰ ਬਣਾਈ*
*ਉਸਨੇ ਖਿੜਕੀ ਵੀ ਬਣਾਈ*
*ਜਿਸਨੇ ਬੰਦੂਕ ਬਣਾਈ*
*ਉਸਨੇ ਹੋਰ ਕੀ ਬਣਾਇਆ ?"* [9]

'ਔਰਤ' ਕਵਿਤਾ ਰਾਹੀਂ ਕਵੀ ਬੜੀ ਹੀ ਬਾਰੀਕੀ ਨਾਲ ਔਰਤ ਦੇ ਮਨ ਦੀਆਂ ਭਾਵਨਾਵਾਂ ਨੂੰ ਚਿਤਰਦਾ ਹੈ। ਉਹ ਆਪਣੀ ਕਵਿਤਾ ਵਿਚ ਔਰਤ ਦੀ ਆਰਥਿਕ ਮੰਦਹਾਲੀ, ਜੀਵਨ ਸੰਘਰਸ਼ ਤੇ ਸਹਿਣਸ਼ੀਲਤਾ ਦੀਆਂ ਗੱਲਾਂ ਕਰਦਿਆਂ ਕਹਿੰਦਾ ਹੈ :-

*"ਔਰਤ ਦੀ ਚੱਪਲ ਦੀ ਤਣੀ*
*ਅਕਸਰ ਰਸਤੇ ਵਿਚ ਹੀ ਟੁੱਟਦੀ ਹੈ*
*ਮੁਰੰਮਤ ਤੋਂ ਬਾਅਦ*
*ਉਸ ਦੇ ਪੈਰ ਹੇਠ*

*ਮੇਖ ਚੁੱਭਦੀ ਹੈ*

*ਉਹ ਚੱਪਲ ਨਹੀਂ ਬਦਲ ਸਕਦੀ*

*ਪੈਰ ਬਦਲ ਲੈਂਦੀ ਹੈ"* [10]

ਚੱਪਲ ਦੀ ਤਣੀ ਦਾ ਟੁੱਟਣਾ ਇਕ ਆਮ ਜਿਹੀ ਘਟਨਾ ਹੈ ਪਰੰਤੂ ਇਹ ਔਰਤ ਦੇ ਉਹਨਾਂ ਹਾਲਤਾਂ ਨੂੰ ਬਿਆਨ ਕਰਦੀ ਹੈ ਜੋ ਉਸਨੂੰ ਘੱਟ ਸਹੂਲਤਾਂ ਅਤੇ ਥੁੜਾਂ ਦੇ ਵਿਚ ਵੀ ਸੰਘਰਸ਼ਸ਼ੀਲ ਰੱਖਦੇ ਹਨ। ਕਵਿਤਾ ਵਿਚ ਔਰਤ ਬਲਿਦਾਨ ਦੇ ਪ੍ਰਤੀਕ ਵਜੋਂ ਪੇਸ਼ ਹੁੰਦੀ ਹੈ। ਕਵਿਤਾ ਸਮਾਜਿਕ ਪਰਿਪੇਖ ਵਿਚ ਪ੍ਰਾਸੰਗਿਕ ਹੁੰਦੀ ਹੈ, ਜਾਪਦਾ ਹੈ ਕਿ ਜਾਪਦਾ ਹੈ ਕਿ ਕਵੀ ਨੇ ਜਿੰਦਗੀ ਦੇ ਦੁੱਖ ਮਹਿਸੂਸ ਕੀਤੇ ਹਨ।

ਇਸ ਤਰ੍ਹਾਂ ਕਵਿਤਾਵਾਂ ਰਾਹੀ ਕਵੀ ਨੇ ਮਨੁੱਖ ਨੂੰ ਚੁੱਪ ਦੀ ਅਵਸਥਾ ਵਿਚ ਵੀ ਬੋਲ ਦੇਣ ਦੀ ਸਫਲ ਕੋਸ਼ਿਸ਼ ਕੀਤੀ ਹੈ। ਉਹ ਸਮੁੱਚੀ ਮਾਨਵ ਜਾਤੀ ਦੀ ਭਲਾਈ ਤੇ ਉਨੱਤੀ ਦੀ ਗੱਲ ਕਰਦਾ ਹੈ। ਕਮਲਜੀਤ ਸਮਾਜਿਕ ਭਾਵਨਾਵਾਂ ਨਾਲ ਓਤਪੋਤ ਹੋ ਕੇ ਸ਼੍ਰੇਣੀ ਸੰਘਰਸ਼, ਸਮਾਜ ਵਿਰੋਧੀ ਸ਼ਕਤੀਆਂ ਅਤੇ ਕਾਣੀਵੰਡ ਬਾਰੇ ਆਮ ਲੋਕਾਂ ਨੂੰ ਸੁਚੇਤ ਕਰਦਾ ਹੈ। ਕਵਿਤਾ ਪ੍ਰਤੀ ਉਹ ਪ੍ਰਤੀਬੱਧ ਹੈ। ਕੁਦਰਤ ਰਾਂਹੀ ਕਾਦਰ ਨਾਲ ਇਕ ਸੁਰ ਹੋ ਕੇ ਪ੍ਰਾਪਤ ਕੀਤੇ ਅਨੁਭਵ ਉਸਦੀ ਕਵਿਤਾ ਨੂੰ ਹੋਰ ਅਮੀਰ ਕਰਦੇ ਹਨ। ਕਵੀ ਮਾਨਵਤਾ ਦੇ ਗੀਤ ਗਾਉਂਦੇ ਹੋਏ ਸਮੁੱਚੀ ਮਾਨਵ ਜਾਤੀ ਨੂੰ ਪ੍ਰੇਰਦਾ ਹੋਇਆ ਕਹਿੰਦਾ ਹੈ ਕਿ ਸਾਨੂੰ ਅਸੰਤੁਲਿਤ ਮਾਹੌਲ ਅਤੇ ਵਿਸ਼ਮ ਪ੍ਰਸਿਥਤੀਆਂ ਅੱਗੇ ਹਾਰਨਾ ਨਹੀ ਚਾਹੀਦਾ ਸਗੋਂ ਇਸ ਮਾਹੌਲ ਨੂੰ ਆਪਣੇ ਅਨੁਸਾਰ ਢਾਲ ਕੇ ਜੀਊਣਯੋਗ ਬਨਾਉਣਾ ਚਾਹੀਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਚੌਧਰੀ, ਕਮਲਜੀਤ 2022, ਦੁਨੀਆ ਦਾ ਅੰਤਿਮ ਘੋਸ਼ਣਾਪੱਤਰ, ਦਖ਼ਲ ਪ੍ਰਕਾਸ਼ਨ, ਦਿੱਲੀ, ਪੰਨਾ:14*
2. *-ਉਹੀ-, ਪੰਨਾ:48*
3. *ਚੌਧਰੀ ਕਮਲਜੀਤ ,2016,ਹਿੰਦੀ ਦਾ ਨਮਕ, ਦਖ਼ਲ ਪ੍ਰਕਾਸ਼ਨ, ਪੰਨਾ:39*
4. *-ਉਹੀ-, ਪੰਨਾ:54*
5. *-ਉਹੀ-, ਪੰਨਾ:40*
6. *-ਉਹੀ-, ਪੰਨਾ:70*
7. *-ਉਹੀ-, ਪੰਨਾ:93*
8. *-ਉਹੀ-, ਪੰਨਾ:53*
9. *ਚੌਧਰੀ, ਕਮਲਜੀਤ 2022, ਦੁਨੀਆ ਦਾ ਅੰਤਿਮ ਘੋਸ਼ਣਾਪੱਤਰ, ਦਖ਼ਲ ਪ੍ਰਕਾਸ਼ਨ, ਦਿੱਲੀ, ਪੰਨਾ:47*
10. *ਚੌਧਰੀ ਕਮਲਜੀਤ ,2016,ਹਿੰਦੀ ਦਾ ਨਮਕ, ਦਖ਼ਲ ਪ੍ਰਕਾਸ਼ਨ, ਦਿੱਲੀ, ਪੰਨਾ:74*



***Cite this Article-***

ਡਾ. ਅਨੁਰਾਧਾ (Dr. Anuradha) & ਬਲਵਾਨ ਸਿੰਘ (Balwan Singh), ਕਮਲਜੀਤ ਚੌਧਰੀ ਦੀ ਕਵਿਤਾ ਵਿੱਚ ਮਾਨਵੀ ਸੰਵੇਦਨਾ, KAMALJEET CHAUDHARY DI KAVITA VICH MANVI SAMVEDNA, *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 14-17.*

***Journal URL:*** www.armaan.org.in

**DOI:** https://doi.org/10.64119/armaan.vol.3.issue3.03



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*